競爭事務委員會
COMPETITION
COMMISSION

香港黃竹坑黃竹坑道 8 號 South Island Place 19 樓
19/F, South Island Place, 8 Wong Chuk Hang Road,
Wong Chuk Hang, HONG KONG
T: +852 3462 2118 F: +852 2522 4997
Website: www.compcomm.hk

# ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ ਲਈ
# ਮੌਜੂਦਾ ਅਤੇ ਯੋਜਨਾਬੱਧ ਉਪਾਅ

## ਮੁਕਾਬਲਾ ਆਯੋਗ

ਮੁਕਾਬਲਾ ਆਯੋਗ (ਆਯੋਗ) ਇੱਕ ਸੁਤੰਤਰ ਕਾਨੂੰਨੀ ਸੰਸਥਾ ਹੈ ਜੋ ਮੁਕਾਬਲਾ ਆਰਡੀਨੈਂਸ (ਕੈਪ. 619) (ਆਰਡੀਨੈਂਸ) ਅਧੀਨ ਸਥਾਪਤ ਕੀਤੀ ਗਈ ਹੈ। ਆਯੋਗ ਨੂੰ ਇੱਕ ਮੁਕਾਬਲੇ ਵਾਲੇ ਵਾਤਾਵਰਣ ਨੂੰ ਉਤਸ਼ਾਹਿਤ ਕਰਨ ਦਾ ਕੰਮ ਸੌਂਪਿਆ ਗਿਆ ਹੈ ਜੋ ਕਿ ਵਪਾਰ ਦੇ ਖੁੱਲੇ ਵਹਾਅ, ਕੁਸ਼ਲਤਾ ਅਤੇ ਨਵੀਨਤਾ ਦੇ ਅਨੁਕੂਲ ਹੋਵੇ, ਲਿਹਾਜ਼ਾ ਖਪਤਕਾਰਾਂ ਲਈ ਚੀਜ਼ਾਂ ਅਤੇ ਸੇਵਾਵਾਂ ਦੇ ਵਧੇਰੇ ਵਿਕਲਪ, ਬਿਹਤਰ ਗੁਣਵੱਤਾ ਅਤੇ ਕੀਮਤਾਂ ਲਿਆਵੇ। ਆਯੋਗ ਨਸਲੀ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ, ਜਨਤਾ ਦੇ ਸਾਰੇ ਮੈਂਬਰਾਂ ਦੁਆਰਾ ਇਸ ਦੀਆਂ ਸੇਵਾਵਾਂ ਤੱਕ ਬਰਾਬਰ ਪਹੁੰਚ ਨੂੰ ਯਕੀਨੀ ਬਣਾਉਣ ਨੂੰ ਬਹੁਤ ਮਹੱਤਵ ਦਿੰਦਾ ਹੈ।

### (A) ਜਨਤਾ ਤੋਂ ਸ਼ਿਕਾਇਤਾਂ

| | |
|---|---|
| ਸੰਬੰਧਿਤ ਸੇਵਾਵਾਂ | ਆਰਡੀਨੈਂਸ ਦੀਆਂ ਸੰਭਵ ਉਲੰਘਣਾਵਾਂ ਦੀ ਪਛਾਣ ਕਰਨ ਲਈ ਆਯੋਗ ਨੂੰ ਸ਼ਿਕਾਇਤਾਂ ਕਰਨ ਲਈ ਲੋਕਾਂ ਨੂੰ ਚੈਨਲ ਮੁਹੱਈਆ ਕਰਵਾਉਣਾ। |
| ਮੌਜੂਦਾ ਉਪਾਅ | ਕੋਈ ਵੀ ਵਿਅਕਤੀ ਜੋ ਸ਼ਿਕਾਇਤ ਕਰਨਾ ਚਾਹੁੰਦਾ ਹੈ ਉਹ ਆਯੋਗ ਨਾਲ ਫੋਨ / ਡਾਕ / ਈਮੇਲ / ਆਨਲਾਈਨ ਸ਼ਿਕਾਇਤ ਫਾਰਮ / ਵਿਅਕਤੀਗਤ ਤੌਰ ਤੇ (ਸਿਰਫ ਮੁਲਾਕਾਤ ਦੁਆਰਾ) ਸੰਪਰਕ ਕਰ ਸਕਦਾ ਹੈ।<br><br>ਉੱਪਰ ਦਿੱਤੇ ਚੈਨਲਾਂ ਵਿੱਚ ਚੀਨੀ ਅਤੇ / ਜਾਂ ਅੰਗਰੇਜ਼ੀ ਵਰਤੀ ਜਾ ਸਕਦੀ ਹੈ।<br>ਜਿੱਥੇ ਜਰੂਰੀ ਅਤੇ ਢੁਕਵਾਂ ਹੋਵੇਗਾ ਉੱਥੇ ਭਾਸ਼ਾ ਸੇਵਾਵਾਂ ਦਾ ਪ੍ਰਬੰਧ ਕੀਤਾ ਜਾਵੇਗਾ। |
| ਭਵਿੱਖ ਦੇ ਕੰਮ ਦਾ ਮੁਲਾਂਕਣ | ਆਯੋਗ ਸਮੇਂ ਸਮੇਂ ਤੇ ਲੋਕਾਂ ਦੀਆਂ ਜਰੂਰਤਾਂ ਦੀ ਪੂਰਤੀ ਲਈ ਉਪਰੋਕਤ ਉਪਾਵਾਂ ਦੀ ਸਮੀਖਿਆ ਕਰੇਗਾ। |
| ਵਾਧੂ ਕੀਤੇ ਗਏ / ਕੀਤੇ ਜਾਣ ਵਾਲੇ ਉਪਾਅ | ਆਯੋਗ ਉਨ੍ਹਾਂ ਸੇਵਾ ਉਪਭੋਗਤਾਵਾਂ, ਜਿਨ੍ਹਾਂ ਨੂੰ ਵਿਆਖਿਆ / ਅਨੁਵਾਦ ਸੇਵਾਵਾਂ ਦੀ ਜ਼ਰੂਰਤ ਹੈ, ਦੇ ਬਾਰੇ ਵਿੱਚ "ਵਿਆਖਿਆ / ਅਨੁਵਾਦ ਸੇਵਾਵਾਂ ਦੀ ਜ਼ਰੂਰਤ" ਅਤੇ "ਮਨਪਸੰਦ ਭਾਸ਼ਾ" ਦੀ ਜਾਣਕਾਰੀ ਇਕੱਠਾ ਕਰੇਗਾ, ਤਾਂਕਿ ਸਾਡੀਆਂ ਨੀਤੀਆਂ ਅਤੇ ਉਪਾਵਾਂ ਦੇ ਪ੍ਰਭਾਵ ਦੀ ਸਮੀਖਿਆ ਹੋ ਸਕੇ, ਅਤੇ ਸੇਵਾ ਦੇ ਨਿਰੰਤਰ ਸੁਧਾਰ ਨੂੰ ਸਮਰੱਥ ਬਣਾਇਆ ਜਾ ਸਕੇ। |

(B) <u>ਮੁਕਾਬਲਾ ਆਰਡੀਨੈਂਸ ਦਾ ਪ੍ਰਚਾਰ ਕਰਨ</u>

| | |
|---|---|
| ਸੰਬੰਧਿਤ ਸੇਵਾਵਾਂ | ਮੁਕਾਬਲੇ ਦੇ ਮਹੱਤਵ, ਅਤੇ ਆਰਡੀਨੈਂਸ ਕਿਵੇਂ ਮੁਕਾਬਲੇ ਨੂੰ ਉਤਸ਼ਾਹਿਤ ਕਰਦਾ ਹੈ, ਬਾਰੇ ਜਨਤਕ ਸਮਝ ਨੂੰ ਉਤਸ਼ਾਹਿਤ ਕਰਨ ਲਈ ਜਨਤਕ ਸਿੱਖਿਆ ਮੁਹਿੰਮਾਂ ਚਲਾਉਣਾ ਅਤੇ ਹੋਰ ਪਹਿਲਕਦਮੀਆਂ ਕਰਨਾ। |
| ਮੌਜੂਦਾ ਉਪਾਅ | ਸਿੱਖਿਆ ਸਮੱਗਰੀ (ਜਿਵੇਂ ਕਿ ਪਰਚੇ, ਕਿਤਾਬਚਾ ਅਤੇ ਦਿਸ਼ਾ ਨਿਰਦੇਸ਼) ਅਤੇ ਮੁਹਿੰਮਾਂ ਦੀ ਜਾਣਕਾਰੀ ਚੀਨੀ ਅਤੇ ਅੰਗਰੇਜ਼ੀ ਵਿੱਚ ਦਿੱਤੀ ਜਾਂਦੀ ਹੈ।<br>ਆਰਡੀਨੈਂਸ ਬਾਰੇ ਸੈਮੀਨਾਰ ਅਤੇ ਵੇਰਵੇ ਕੈਂਟੋਨੀਜ਼ ਅਤੇ ਅੰਗ੍ਰੇਜ਼ੀ ਵਿੱਚ ਆਯੋਜਿਤ ਕੀਤੇ ਜਾਂਦੇ ਹਨ।<br>ਕਾਨੂੰਨ ਅਤੇ ਸੋਧ, ਸਲਾਹ-ਮਸ਼ਵਰੇ ਅਤੇ ਜਨਤਕ ਰਜਿਸਟਰਾਂ ਆਦਿ ਦੀ ਜਾਣਕਾਰੀ ਆਯੋਗ ਦੀ ਵੈਬਸਾਈਟ 'ਤੇ ਚੀਨੀ ਅਤੇ ਅੰਗ੍ਰੇਜ਼ੀ ਵਿਚ ਉਪਲਬਧ ਹੈ। |
| ਭਵਿੱਖ ਦੇ ਕੰਮ ਦਾ ਮੁਲਾਂਕਣ | ਆਯੋਗ ਉਪਰੋਕਤ ਉਪਾਵਾਂ ਦੀ ਸਮੀਖਿਆ ਕਰੇਗਾ ਅਤੇ ਲੋੜ ਅਨੁਸਾਰ ਇਨ੍ਹਾਂ ਨੂੰ ਵਧਾਏਗਾ। |

(C) <u>ਅਮਲੇ ਦੀ ਸਿਖਲਾਈ</u>

| | |
|---|---|
| ਸੰਬੰਧਿਤ ਸੇਵਾਵਾਂ | ਆਯੋਗ ਦੇ ਸਟਾਫ ਮੈਂਬਰਾਂ ਨੂੰ ਸਿਖਲਾਈ ਪ੍ਰਦਾਨ ਕਰਨਾ। |
| ਮੌਜੂਦਾ ਉਪਾਅ | ਮਨੁੱਖੀ ਸਰੋਤ ਵਿਭਾਗ ਦੇ ਸਟਾਫ ਮੈਂਬਰ ਕੰਮ 'ਤੇ ਜਾਤੀ ਨਾਲ ਜੁੜੇ ਮੁੱਦਿਆਂ ਦੀ ਉਨ੍ਹਾਂ ਦੀ ਸਮਝ ਨੂੰ ਵਧਾਉਣ ਲਈ ਹਰ ਦੋ ਸਾਲਾਂ ਬਾਅਦ ਨਸਲੀ ਵਿਤਕਰੇ ਦੇ ਮੁੱਦਿਆਂ' ਤੇ ਸਿਖਲਾਈ ਲੈਂਦੇ ਹਨ। |
| ਭਵਿੱਖ ਦੇ ਕੰਮ ਦਾ ਮੁਲਾਂਕਣ | ਕੰਮ ਵਾਲੀ ਥਾਂ 'ਤੇ ਨਸਲੀ ਬਰਾਬਰੀ ਨੂੰ ਉਤਸ਼ਾਹਤ ਕਰਨ ਲਈ ਆਯੋਗ ਆਪਣੀ ਸਿਖਲਾਈ ਨੀਤੀ ਦੀ ਨਿਯਮਿਤ ਮੁਲਾਂਕਣ ਅਤੇ ਸਮੀਖਿਆ ਕਰੇਗਾ। |
| ਵਾਧੂ ਕੀਤੇ ਗਏ / ਕੀਤੇ ਜਾਣ ਵਾਲੇ ਉਪਾਅ | ਕੰਮ 'ਤੇ ਜਾਤੀ ਵਿਤਕਰੇ ਦੇ ਮੁੱਦਿਆਂ ਦੀ ਉਨ੍ਹਾਂ ਦੀ ਸਮਝ ਨੂੰ ਮਜ਼ਬੂਤ ਕਰਨ ਲਈ ਆਯੋਗ ਆਪਣੇ ਸਾਰੇ ਸਟਾਫ ਮੈਂਬਰਾਂ ਨੂੰ ਨਸਲ ਨਾਲ ਜੁੜੇ ਮੁੱਦਿਆਂ 'ਤੇ ਅਨੁਕੂਲ ਸਿਖਲਾਈ ਪ੍ਰਦਾਨ ਕਰਨ ਵਿਚ ਸਹਾਇਤਾ ਲਈ ਬਰਾਬਰ ਮੌਕਾ ਆਯੋਗ ਨਾਲ ਸੰਪਰਕ ਕਰੇਗਾ।<br><br>ਆਯੋਗ ਆਪਣੇ ਸਟਾਫ ਮੈਂਬਰਾਂ ਨੂੰ ਨਿਯਮਤ ਅਧਾਰ 'ਤੇ ਸਭਿਆਚਾਰਕ ਜਾਗਰੂਕਤਾ ਅਤੇ ਵਿਭਿੰਨਤਾ ਦੇ ਮੁੱਦਿਆਂ' ਤੇ ਸਿਖਲਾਈ ਲੈਣ ਲਈ ਉਤਸ਼ਾਹਿਤ ਅਤੇ ਨਾਮਜ਼ਦ ਕਰੇਗਾ ਤਾਂ ਜੋ ਵੱਖ-ਵੱਖ ਨਸਲੀ ਅਤੇ ਸਭਿਆਚਾਰਕ ਪਿਛੋਕੜ ਵਾਲੇ ਲੋਕਾਂ ਬਾਰੇ ਸਟਾਫ ਦੀ ਸਮਝ ਨੂੰ ਵਧਾਉਣ ਅਤੇ ਉਨ੍ਹਾਂ ਲੋਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਾਡੀਆਂ ਸੇਵਾਵਾਂ ਵਿਚ ਵਾਧਾ ਕੀਤਾ ਜਾ ਸਕੇ। |

ਪੁੱਛਗਿੱਛ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਚੈਨਲਾਂ ਰਾਹੀਂ ਪ੍ਰਸ਼ਾਸਨ ਅਧਿਕਾਰੀ, ਮਿਸ ਅੰਨਾ ਯਾਂਗ ਨਾਲ ਸੰਪਰਕ ਕਰੋ -

| | |
|---|---|
| ਫੋਨ: | 3462 2118 |
| ਫੈਕਸ: | 2522 4997 |
| ਈਮੇਲ: | enquiry@compcomm.hk |
| ਡਾਕ ਪਤਾ: | 19 / ਐਫ, ਸਾਊਥ ਆਈਲੈਂਡ ਪਲੇਸ, 8 ਵੋਂਗ ਚੁਕ ਹਾਂਗ ਰੋਡ,<br>ਵੋਂਗ ਚੁਕ ਹਾਂਗ, ਹਾਂਗ ਕਾਂਗ |
| Postal address (Eng): | 19/F, South Island Place, 8 Wong Chuk Hang Road,<br>Wong Chuk Hang, Hong Kong |

**ਮੁਕਾਬਲਾ ਆਯੋਗ (Competition Commission)**

**ਜੂਨ 2021**